14-1-96

# ਕਲਾ ਦੇ ਝਰੋਖ਼ੇ ਤੋਂ

**ਗੁਰਸ਼ਰਨ ਸਿੰਘ**

**ਨਾਟਕ 'ਪੁਲਸੀਏ' :** ਕੇਵਲ ਧਾਲੀਵਾਲ ਦਾ ਇਹ ਨਾਟਕ ਸਲਾਵੋਮੀਰ ਮਰੋਜ਼ਕ ਦੇ ਪੋਲਿਸ਼ ਨਾਟਕ 'ਤੇ ਆਧਾਰਤ ਹੈ ਜੋ ਮੰਚ ਰੰਗਮੰਚ ਵਲੋਂ ਅੰਮ੍ਰਿਤਸਰ ਵਿਖੇ 13 ਮਾਰਚ 1993 ਗੁਰੂ ਨਾਨਕ ਭਵਨ ਵਿਖੇ ਖੇਡਿਆ ਗਿਆ ਸੀ। ਇਹ ਨਾਟਕ ਹੁਣ ਇਕ ਕਿਤਾਬ ਦੀ ਸ਼ਕਲ ਵਿਚ ਪਾਠਕਾਂ ਦੇ ਹੱਥਾਂ ਵਿਚ ਹੈ। ਇਹ ਇਕ ਸ਼ਕਤੀਸ਼ਾਲੀ ਨਾਟਕ ਹੈ। ਕੇ.ਪੀ.ਐਸ. ਗਿੱਲ ਦੀ ਰਿਟਾਇਰਮੈਂਟ ਦੇ ਮੌਕੇ 'ਤੇ ਥਾਂ ਥਾਂ ਤੋਂ ਆਰ.ਡੀ.ਐਕਸ. ਲੱਭਣ ਦੀਆਂ ਖਬਰਾਂ ਅਤੇ ਉਨ੍ਹਾਂ ਬਾਰੇ ਪੰਜਾਬ ਦੇ ਲੋਕਾਂ ਦਾ ਜੋ ਪ੍ਰਤੀਕਰਮ ਪੜ੍ਹਣ ਨੂੰ ਆਇਆ, ਉਸ ਨਾਲ ਇਸ ਨਾਟਕ ਦੀ ਸਾਰਥਕਤਾ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਨਾਟਕ ਦਾ ਵਿਸ਼ਾ ਹੈ ਕਿ ਦੇਸ਼ ਵਿਚ ਪੁਲੀਸ ਦੀ ਲੋੜ ਤਾਂ ਹੀ ਸਥਾਪਤ ਹੁੰਦੀ ਹੈ, ਜੇ ਜੁਰਮ ਕਾਇਮ ਰਹੇ। ਇਸ ਲਈ ਇਹ ਪੁਲੀਸ ਦੇ ਹਿਤ ਵਿਚ ਹੈ ਕਿ ਜੁਰਮ ਹੁੰਦਾ ਰਹੇ ਤੇ ਉਹਦੀ ਕਾਇਮੀ ਰਹੇ। ਜੇ ਜੁਰਮ ਨਹੀਂ ਹੁੰਦਾ ਤਾਂ ਉਹ ਆਪਣੇ ਵਲੋਂ ਕਰਵਾਇਆ ਜਾਏ।

ਨਾਟਕ ਦੇ ਸ਼ੁਰੂ ਵਿਚ ਸਥਿਤੀ ਉਸਾਰੀ ਗਈ ਹੈ ਕਿ ਜੇਲ੍ਹ ਦਾ ਆਖਰੀ ਕੈਦੀ ਜੋ ਇਕ ਜਾਣਿਆਂ ਜਾਂਦਾ ਬਾਗ਼ੀ ਹੈ, ਇਕ ਦਸਤਾਵੇਜ਼ 'ਤੇ ਦਸਖ਼ਤ ਕਰ ਦਿੰਦਾ ਹੈ, ਜਿਸ ਦਾ ਮਜ਼ਮੂਨ ਹੈ, "...ਮੈਂ ਆਪਣੇ ਆਪ ਨੂੰ ਜੁਰਮ ਦੇ ਰਸਤੇ ਤੋਂ ਅਲੱਗ ਕਰਦਾ ਹਾਂ। ਹੁਣ ਮੇਰੀ ਇਹੀ ਖਾਹਸ਼ ਹੈ ਕਿ ਬਾਕੀ ਦੀ ਜ਼ਿੰਦਗੀ ਪੂਰੀ ਈਮਾਨਦਾਰੀ ਨਾਲ ਹਕੂਮਤ ਦੀ ਖਿਦਮਤ ਕਰਾਂ।" ਪੁਲੀਸ ਮੁਖੀ ਕੈਦੀ ਦੇ ਇਨ੍ਹਾਂ ਦਸਤਖ਼ਤਾਂ 'ਤੇ ਖੁਸ਼ ਨਹੀਂ ਸਗੋਂ ਉਹਨੂੰ ਡਰ ਹੈ ਕਿ ਉਹਦਾ ਮਹਿਕਮਾ ਫਾਲਤੂ ਹੋ ਜਾਵੇਗਾ ਅਤੇ ਜੇਲ੍ਹਾਂ ਬੇਕਾਰ ਹੋ ਜਾਣਗੀਆਂ। ਇਸ ਲਈ ਉਹ ਆਪਣੇ ਵਲੋਂ ਜੁਰਮ ਨੂੰ ਸ਼ੁਰੂ ਕਰਨ ਦੀ ਸਕੀਮ ਬਣਾਉਂਦਾ ਹੈ। ਪੁਲੀਸ ਹਵਾਲਦਾਰ ਨੂੰ ਇਹ ਡਿਊਟੀ ਦਿੱਤੀ ਜਾਂਦੀ ਹੈ ਕਿ ਉਹ ਲੋਕਾਂ ਵਿਚ ਜਾਏ, ਲੋਕਾਂ ਨੂੰ ਸਰਕਾਰ ਵਿਰੁੱਧ ਭੜਕਾਏ ਅਤੇ ਉਨ੍ਹਾਂ ਨੂੰ ਉਕਸਾਏ ਕਿ ਉਹ ਸਰਕਾਰ ਵਿਰੁੱਧ ਹਿੰਸਕ ਕਾਰਵਾਈਆਂ ਕਰਨ। ਲੋਕ ਇਹ ਸਭ ਕੁਝ ਕਰਨ ਤੋਂ ਇਨਕਾਰੀ ਹਨ। ਉਹ ਨੂੰ ਫੇਰ ਆਖਿਆ ਜਾਂਦਾ ਹੈ ਕਿ ਉਹ ਲੋਕਾਂ ਵਿਚ ਖਲੋ ਕੇ ਦੇਸ਼ ਦੇ ਪ੍ਰਧਾਨ ਨੂੰ ਨੰਗੀਆਂ ਗਾਲ੍ਹਾਂ ਕੱਢੇ, ਉਸ ਨੂੰ ਫੜਿਆ ਜਾਏਗਾ, ਜੇਲ੍ਹ ਵਿਚ ਭੇਜ ਦਿੱਤਾ ਜਾਵੇਗਾ ਤੇ ਇਸ ਤਰ੍ਹਾਂ ਜੇਲ੍ਹਾਂ ਵੀ ਕਾਇਮ ਰਹਿਣਗੀਆਂ ਅਤੇ ਪੁਲੀਸ ਦਾ ਮਹਿਕਮਾ ਵੀ ਕਾਇਮ ਰਹੇਗਾ। ਉਹ ਜੇਲ੍ਹ ਵਿਚ ਜਾਂਦਾ ਹੈ ਤੇ ਉਸੇ ਚੱਕੀ ਵਿਚ ਡੱਕ ਦਿੱਤਾ ਜਾਂਦਾ ਹੈ, ਜਿਥੇ ਕਿਸੇ ਵੇਲੇ ਇਕ ਇਨਕਲਾਬੀ ਰਹਿ ਚੁੱਕਿਆ ਹੈ। ਇਨਕਲਾਬੀ ਨੇ ਨਹੁੰਆਂ ਨਾਲ ਉਸ ਚੱਕੀ ਦੀਆਂ ਕੰਧਾਂ 'ਤੇ ਕਵਿਤਾਵਾਂ ਲਿਖੀਆਂ ਹੋਈਆਂ ਹਨ। ਹਵਾਲਦਾਰ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਚੰਗੀ ਜ਼ਿੰਦਗੀ ਲਈ ਸੁਪਨੇ ਲੈਣਾ ਸ਼ੁਰੂ ਕਰ ਦਿੰਦਾ ਹੈ। ਜਦੋਂ ਉਹ ਜੇਲ੍ਹ ਆਇਆ ਸੀ ਤਾਂ ਉਸ ਨੇ ਬਾਗ਼ੀ ਬਣ ਜਾਣ ਦਾ ਨਾਟਕ ਕੀਤਾ ਸੀ, ਪਰ ਹੁਣ ਉਹ ਵਾਸਤਵ ਵਿਚ ਬਾਗ਼ੀ ਬਣ ਗਿਆ ਹੈ। ਸਾਰਾ ਨਾਟਕ ਮੌਜੂਦਾ ਸਿਸਟਮ ਅਤੇ ਪੁਲੀਸ ਮਹਿਕਮੇ 'ਤੇ ਇਕ ਜ਼ੋਰਦਾਰ ਵਿਅੰਗ ਹੋ ਨਿੱਬੜਦਾ ਹੈ।

ਕਈ ਨਾਟਕ ਐਸੇ ਹੁੰਦੇ ਹਨ, ਜੋ ਮੰਚਨੀ ਪੱਖ ਤੋਂ ਤੁਹਾਨੂੰ ਖਿੱਚਦੇ ਹਨ। ਪਰ ਬਰਨਾਰਡ ਸ਼ਾਅ ਦੇ ਨਾਟਕਾਂ ਵਾਂਗ ਐਸੇ ਨਾਟਕ ਹੁੰਦੇ ਹਨ ਜੋ ਚੁਸਤ ਵਾਰਤਲਾਪ ਦੇ ਕਾਰਨ ਪੜ੍ਹਨ ਦੇ ਪੱਖ ਤੋਂ ਵੀ ਜ਼ੋਰਦਾਰ ਹੁੰਦੇ ਹਨ। 'ਪੁਲਸੀਏ' ਨਾਟਕ ਵਿਚ ਇਹ ਗੁਣ ਪੂਰੀ ਤਰ੍ਹਾਂ ਹਾਜ਼ਰ ਹੈ। ਪਾਸ਼ ਅਤੇ ਮਹਿੰਦਰਪਾਲ ਭੱਠਲ ਦੀਆਂ ਕਵਿਤਾਵਾਂ ਅਤੇ ਸ਼ਹਰਯਾਰ ਦੇ ਗੀਤ ਇਸ ਨੂੰ ਮੌਲਿਕਤਾ ਦਿੰਦੇ ਹਨ। ਪੰਜਾਬੀ ਸਾਹਿਤ ਸਹਿਜੇ ਹੀ ਇਸ ਨਾਟਕੀ ਲਿਖਤ 'ਤੇ ਮਾਣ ਕਰ ਸਕਦਾ ਹੈ।

**ਕਿਤਾਬਾਂ ਹੀ ਕਿਤਾਬਾਂ :** ਇਕ ਮੋਟੇ ਜਿਹੇ ਅਨੁਮਾਨ ਅਨੁਸਾਰ ਪੰਜਾਬੀ ਵਿਚ ਹਰ ਸਾਲ ਕੋਈ ਦੋ ਹਜ਼ਾਰ ਦੇ ਕਰੀਬ ਕਿਤਾਬਾਂ ਪ੍ਰਕਾਸ਼ਤ ਹੁੰਦੀਆਂ ਹਨ। ਇਹ ਅਨੁਮਾਨ ਅਖਬਾਰਾਂ ਅਤੇ ਰਿਸਾਲਿਆਂ ਵਿਚ ਆਏ ਕਿਤਾਬਾਂ ਦੇ ਰੀਵੀਊ ਤੋਂ ਲਗਦਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਕਿਤਾਬਾਂ ਉਹ ਹਨ ਜੋ ਲੇਖਕਾਂ ਨੇ ਆਪਣੇ ਖਰਚੇ 'ਤੇ ਛਪਵਾਈਆਂ ਹੁੰਦੀਆਂ ਹਨ ਜਾਂ ਕਿਸੇ ਪ੍ਰਕਾਸ਼ਕ ਕੋਲੋਂ ਵੱਡੀ ਰਕਮ ਦੇ ਕੇ ਛਪਵਾਈਆਂ ਹੁੰਦੀਆਂ ਹਨ। ਇਹ ਕਿਤਾਬਾਂ ਕਿਥੇ ਜਾਂਦੀਆਂ ਹਨ? ਕੌਣ ਇਨ੍ਹਾਂ ਨੂੰ ਪੜ੍ਹਦਾ ਹੈ? ਇਹ ਸਵਾਲ ਜ਼ਰੂਰੀ ਹਨ। ਇਨ੍ਹਾਂ ਦਾ ਜਵਾਬ ਸਾਹਿਤ ਲਈ ਕੋਈ ਮਾਣ ਵਾਲੀ ਗੱਲ ਨਹੀਂ ਬਣਦਾ। ਲੋੜ ਹੈ ਕਿ ਕਿਤਾਬਾਂ ਥੋੜ੍ਹੀਆਂ ਛਪਣ ਅਤੇ ਜਿਹੜੀਆਂ ਵੀ ਛਪਣ ਉਨ੍ਹਾਂ ਦਾ ਵਿਸ਼ਾ ਅਤੇ ਸਾਹਿਤਕ ਗੁਣ ਮਾਹਿਰਾਂ ਵਲੋਂ ਬਾਦਲੀਲ ਕਲਮਬੰਦ ਹੋਣ ਅਤੇ ਸਪਸ਼ਟ ਸ਼ਬਦਾਂ ਵਿਚ ਉਨ੍ਹਾਂ ਦੇ ਛਪਣਯੋਗ ਬਾਰੇ ਸਿਫਾਰਸ਼ ਹੋਵੇ। ਦੋਨੋਂ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਇਸ ਕੰਮ ਲਈ ਮਾਹਰਾਂ ਦੀ ਕਮੇਟੀ ਬਣਾ ਕੇ ਇਸ ਨੂੰ ਸਿਰੇ ਚੜ੍ਹਾ ਸਕਦੀਆਂ ਹਨ।

**ਬਿਲਕੁਲ ਹੀ ਵਾਹਯਾਤ ਅਤੇ ਨਿਕੰਮਾ ਪ੍ਰੋਗਰਾਮ :** ਨਵੇਂ ਸਾਲ ਦੀ ਆਮਦ 'ਤੇ 31 ਦਸੰਬਰ ਰਾਤ 9.30 ਵਜੇ ਦੂਰਦਰਸ਼ਨ ਜਲੰਧਰ ਤੋਂ ਵਿਖਾਇਆ ਗਿਆ ਪ੍ਰੋਗਰਾਮ ਬਿਲਕੁਲ ਹੀ ਵਾਹਯਾਤ ਅਤੇ ਨਿੰਕਮਾ ਸੀ। ਇਸ ਪ੍ਰੋਗਰਾਮ ਨੂੰ ਲੋਕ ਬੜੇ ਚਾਅ ਨਾਲ ਉਡੀਕਦੇ ਹਨ। ਕੁਝ ਸਾਲ ਪਹਿਲੇ ਇਹ ਪ੍ਰੋਗਰਾਮ ਵਾਕਈ ਸਾਲ ਦਾ ਚੋਣਵਾਂ ਪ੍ਰੋਗਰਾਮ ਹੁੰਦਾ ਸੀ ਪਰ ਹੁਣ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਇਸ ਪ੍ਰੋਗਰਾਮ ਵਿਚ ਸੰਜੀਦਗੀ ਨਾਂ-ਮਾਤਰ ਵੀ ਨਹੀਂ। ਸਮਝ ਨਹੀਂ ਆਉਂਦਾ ਕਿ ਹਰ ਗੀਤ ਨਾਲ ਭੰਗੜਾ ਪਾਉਣਾ ਕਿਉਂ ਜ਼ਰੂਰੀ ਹੋ ਗਿਆ ਹੈ? ਇਹ ਭੰਗੜਾ ਵੀ ਕਦੇ ਪਠਾਨੀ ਪੁਸ਼ਾਕ ਵਿਚ ਸਲਵਾਰ ਕਮੀਜ਼ ਪਾਈਂ, ਕਦੀ ਪੈਂਟ ਕੋਟ ਅਤੇ ਕਦੀ ਚਾਦਰੇ ਪਾ ਕੇ ਹੁੰਦਾ ਹੈ। ਗੀਤਾਂ ਦੇ ਬੋਲ ਉਚੀ ਸੁਰ ਦੇ ਸੰਗੀਤ ਅਤੇ ਭੰਗੜੇ ਗਿੱਧੇ ਦੀਆਂ ਮੁਦਰਾਵਾਂ ਵਿਚ ਦਬ ਜਾਂਦੇ ਹਨ। ਇਸ ਤੋਂ ਅੱਗੇ ਕੈਮਰੇ ਦੀਆਂ ਚਲਾਕੀਆਂ ਜਿਹੜੀਆਂ ਪਰਦੇ 'ਤੇ ਗਾਇਕ ਦੇ ਚਾਰ-ਚਾਰ ਚਿਹਰੇ, ਗਾਇਕ ਦੇ ਘੁੰਮਦੇ ਚਿਹਰੇ, ਗਾਇਕ ਦੇ ਪੁੱਠੇ ਚਿਹਰੇ ਲਗਾਤਾਰਤਾ ਨਾਲ ਪੇਸ਼ ਕਰਦੀਆਂ ਹਨ, ਗੀਤ ਦਾ ਸੁਆਦ ਹੀ ਨਹੀਂ ਲੈਣ ਦਿੰਦੀਆਂ। ਜੋ ਸਕਿੱਟ ਪੇਸ਼ ਕੀਤੇ ਗਏ, ਉਨ੍ਹਾਂ ਵਿਚ ਮਜ਼ਾਕ ਦਾ ਕੋਈ ਪੱਧਰ ਹੀ ਨਹੀਂ ਸੀ। ਦੂਰਦਰਸ਼ਨ ਵਾਲਿਆਂ ਨੂੰ ਇਹ ਪ੍ਰਭਾਵ ਕਿਉਂ ਹੈ ਕਿ ਉਹਦੇ ਦਰਸ਼ਕ ਸਿਰਫ ਮੁੰਡੀਰ ਹੀ ਹੈ, ਕੋਈ ਸੰਜੀਦਾ ਦਰਸ਼ਕ ਨਹੀਂ। ਇਹੋ ਜਿਹਾ ਪ੍ਰੋਗਰਾਮ ਪੇਸ਼ ਕਰਨ ਲਈ ਦੂਰਦਰਸ਼ਨ ਨੂੰ (ਲਕਹਿਣਾ ਤਾਂ ਨਹੀਂ ਚਾਹੀਦਾ) ਸ਼ਰਮ ਆਉਣੀ ਚਾਹੀਦੀ ਹੈ।

14-1-1996